# ਸਨਮਾਨ, ਸਲਾਮ ਅਤੇ ਅਹਿਦ

ਅਸੀਂ ਪੰਜਾਬ ਦੇ ਲੋਕਾਂ ਦੀ ਇਨਕਲਾਬੀ ਲਹਿਰ ਵੱਲੋਂ, ਗੁਰਸ਼ਰਨ ਸਿੰਘ ਦੀ ਇਨਕਲਾਬੀ ਜੀਵਨ ਘਾਲਣਾ ਨੂੰ ਆਪਣਾ ਸਲਾਮ ਭੇਟ ਕਰਦੇ ਹਾਂ।

ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਗੁਰਸ਼ਰਨ ਸਿੰਘ ਦੀ ਰਹਿਨੁਮਾਈ ਹੇਠ, ਪੰਜਾਬ ਦੇ ਰੰਗਮੰਚ 'ਤੇ, ਸਾਡੇ ਸੁਪਨਿਆਂ ਦੀ ਲੋਅ ਜਗਦੀ ਹੈ, ਸਾਡੇ ਵਿਰਸੇ ਦਾ ਸੂਰਜ ਚਮਕਦਾ ਹੈ, ਸਾਡੇ ਸੰਘਰਸ਼-ਨਗਾਰੇ ਦੀ ਧਮਕ ਗੂੰਜਦੀ ਹੈ ਅਤੇ ਸਾਡੇ ਭਵਿੱਖ ਦਾ ਝੰਡਾ ਲਹਿਰਾਉਂਦਾ ਹੈ।

ਸਾਨੂੰ ਮਾਣ ਹੈ ਕਿ ਗੁਰਸ਼ਰਨ ਸਿੰਘ ਦੀ ਕਲਾ ਦੀ ਪ੍ਰੇਰਨਾ ਸਾਡੇ ਦਿਲਾਂ ਵਿਚ ਧੜਕਦੀ ਹੈ, ਸਾਡੇ ਮੱਥਿਆਂ ਵਿਚ ਜਗਦੀ ਹੈ, ਸਾਡੇ ਨੈਣਾਂ 'ਚ ਬਲਦੀ ਹੈ ਅਤੇ ਸਾਡੇ ਤਣੇ ਹੋਏ ਮੁੱਕਿਆਂ 'ਚ ਲਹਿਰਾਉਂਦੀ ਹੈ।

ਸਾਨੂੰ ਮਾਣ ਹੈ ਕਿ ਸਾਡੇ ਗੁਰਸ਼ਰਨ ਸਿੰਘ ਨੇ ਜਿਸ ਇਨਕਲਾਬੀ ਭਾਵਨਾ ਦਾ ਝੰਡਾ ਰੰਗਮੰਚ 'ਤੇ ਉੱਚਾ ਕੀਤਾ ਹੈ, ਉਹੀ ਝੰਡਾ ਫੜ ਕੇ ਲੋਕਾਂ ਦੀ ਸੰਗਰਾਮੀ ਲਹਿਰ ਦਾ ਮੋਰਚਾ ਮੱਲਿਆ ਹੈ।

ਗੁਰਸ਼ਰਨ ਸਿੰਘ ਦੇ ਸਿਦਕ, ਨਿਹਚਾ, ਈਮਾਨ ਅਤੇ ਲੋਕ-ਹਿੱਤਾਂ ਨਾਲ ਵਫ਼ਾਦਾਰੀ ਦੀ, ਲੋਕਾਂ ਦੇ ਦੁਸ਼ਮਣਾਂ ਨੇ ਵਾਰ-ਵਾਰ ਪਰਖ ਕੀਤੀ ਹੈ, ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕ ਕੇ ਕੀਤੀ ਹੈ, ਸਟੇਨਾਂ ਲਹਿਰਾ ਕੇ ਕੀਤੀ ਹੈ ਅਤੇ ਲੋਕ ਇਨਕਲਾਬ ਦੇ ਸੁਪਨੇ ਦਾ ਮਜ਼ਾਕ ਉਡਾ ਕੇ ਕੀਤੀ ਹੈ। ਪਰ ਸਾਡੇ ਗੁਰਸ਼ਰਨ ਸਿੰਘ ਨੇ ਸਿਦਕ ਨਹੀਂ ਛੱਡਿਆ, ਯਕੀਨ ਨਹੀਂ ਹਾਰਿਆ, ਈਮਾਨ ਨਹੀਂ ਵੇਚਿਆ, ਵਫ਼ਾਦਾਰੀ ਨਹੀਂ ਬਦਲੀ।

ਸਾਨੂੰ ਮਾਣ ਹੈ ਕਿ ਸਾਡਾ ਗੁਰਸ਼ਰਨ ਸਿੰਘ ਸਦਾ-ਸਦਾ ਲਈ ਸਾਡਾ ਹੈ। ਲਟ-ਲਟ ਬਲਦੀ ਇਨਕਲਾਬੀ ਨਿਹਚਾ ਦੀ ਇਸ ਮੂਰਤ ਨੂੰ ਅੱਜ ਅਸੀਂ ਆਪਣੀਆਂ ਪਲਕਾਂ 'ਤੇ ਬਿਠਾਉਣ ਆਏ ਹਾਂ।

ਅਸੀਂ ਅਹਿਦ ਕਰਦੇ ਹਾਂ ਕਿ ਅਸੀਂ ਗੂੜ੍ਹੀ ਲੋਅ ਨਾਲ ਚਮਕਦੇ ਲੋਕਾਂ ਦੀ ਲਹਿਰ ਦੇ ਇਸ ਸਿਤਾਰੇ ਦੀ ਘਾਲਣਾ ਨੂੰ ਕਦੇ ਨਹੀਂ ਭੁੱਲਾਂਗੇ। ਨਿਹਫਲ ਨਹੀਂ ਜਾਣ ਦਿਆਂਗੇ। ਲੋਕਾਂ ਦੀ ਲਹਿਰ ਅਤੇ ਲੋਕਾਂ ਦੀ ਕਲਾ ਦੇ ਰਿਸ਼ਤੇ ਨੂੰ ਹੋਰ ਗੂੜ੍ਹਾ ਕਰਾਂਗੇ। ਲੋਕ-ਸੰਗਰਾਮ ਦਾ ਕਾਫ਼ਲਾ ਹੋਰ ਵੱਡਾ ਕਰਾਂਗੇ। ਇਸ ਨੂੰ ਨਵੇਂ ਸਮਾਜ ਦੀ ਮੰਜ਼ਲ ਤੱਕ ਲੈ ਕੇ ਜਾਵਾਂਗੇ।

ਗੁਰਸ਼ਰਨ ਸਿੰਘ ਜ਼ਿੰਦਾਬਾਦ!

ਇਨਕਲਾਬ ਜ਼ਿੰਦਾਬਾਦ!

(11 ਜਨਵਰੀ, 2006 ਨੂੰ ਪਿੰਡ ਕੁੱਸਾ (ਮੋਗਾ) 'ਚ, ਪੰਜਾਬ ਭਰ 'ਚੋਂ ਆਏ ਹਜ਼ਾਰਾਂ ਲੋਕਾਂ ਦੇ ਵਿਸ਼ਾਲ ਇਕੱਠ ਵੱਲੋਂ ਸਮੂਹਿਕ ਰੂਪ ਵਿਚ ਉਚਾਰਿਆ ਗਿਆ ਅਤੇ ਗੁਰਸ਼ਰਨ ਸਿੰਘ ਇਨਕਲਾਬੀ ਸਨਮਾਨ ਸਮਾਰੋਹ ਕਮੇਟੀ ਵੱਲੋਂ ਭੇਟ ਕੀਤਾ ਗਿਆ।)